King County

2019-2020 ਕਿੰਗ ਕਾਉਂਟੀ ਬਜਟ ਸੰਖੇਪ ਵਿਚ

ਕਿੰਗ ਕਾਉਂਟੀ ਲਗਭਗ $11.6 ਅਰਬ ਦੇ ਦੋ-ਸਾਲਾ ਬਜਟ ਨਾਲ ਲੱਖਾਂ ਲੋਕਾਂ ਨੂੰ ਅਹਿਮ ਸਥਾਨਕ ਅਤੇ ਇਲਾਕਾਈ ਸੇਵਾਵਾਂ ਮੁਹਈਆ ਕਰਦੀ ਹੈ, 15,000 ਮੁਲਾਜ਼ਮ ਅਤੇ ਕਾਰੋਬਾਰ ਦੀਆਂ 60 ਤੋਂ ਵੱਧ ਲਾਈਨਾਂ।

ਕਿੰਗ ਕਾਉਂਟੀ ਦਾ ਮਾਲੀਆ



ਪ੍ਰੋਗਰਾਮ ਦੇ ਖੇਤਰ ਰਾਹੀਂ ਕਿੰਗ ਕਾਉਂਟੀ ਦੇ ਖ਼ਰਚੇ



ਬਜਟ ਦੀਆਂ ਮੁੱਖ ਗੱਲਾਂ

ਇਧਰ ਉਧਰ ਜਾਣਾ ਮੈਟ੍ਰੋ ਟ੍ਰਾਂਜ਼ਿਟ 177,000 ਘੰਟਿਆਂ ਨਾਲ ਵਧ ਰਹੀ ਬਸ ਸੇਵਾ ਹੈ ਅਤੇ ਨਵੇਂ ਵੱਡੇ ਪ੍ਰੋਜੈਕਟਾਂ ਵਿਚ ਪੂੰਜੀ ਲਾ ਰਹੀ ਹੈ, ਜਿਸ ਨਾਲ ਇਹ ਆਉਂਦੇ ਦਹਾਕਿਆਂ ਵਿਚ ਲੋਕਾਂ ਦੀ ਮੰਗ ਪੂਰੀ ਕਰੇਗੀ।

ਸਥਾਨਕ ਸੇਵਾਵਾਂ ਸਥਾਨਕ ਸੇਵਾਵਾਂ ਦਾ ਨਵਾਂ ਵਿਭਾਗ ਅਸੰਗਠਿਤ ਕਿੰਗ ਕਾਉਂਟੀ ਨੂੰ ਸੇਵਾਵਾਂ ਦੇਣ ਲਈ ਨਵੇਂ ਅਤੇ ਬਿਹਤਰ ਤਰੀਕੇ ਤਿਆਰ ਕਰੇਗਾ।

ਬੇਘਰ ਲੋਕ ਲੋਕਾਂ ਕੋਲ ਘਰ ਨਾ ਹੋਣਾ ਸਭ ਤੋਂ ਮੁਸ਼ਕਿਲ, ਗੁੰਝਲਦਾਰ ਅਤੇ ਦਿੱਕਤਾਂ ਵਾਲੇ ਮੁੱਦੇ ਹਨ, ਜਿਹਨਾਂ ਦਾ ਸਾਹਮਣਾ ਅੱਜ ਸਾਡਾ ਹਲਕਾ ਕਰ ਰਿਹਾ ਹੈ ਅਤੇ ਕਿੰਗ ਕਾਉਂਟੀ ਅਸਰਦਾਰ ਅਤੇ ਕੁਸ਼ਲ ਸੇਵਾਵਾਂ ਮੁਹਈਆ ਕਰਨ ਲਈ ਕਈ ਸਾਧਨਾਂ ਦੀ ਵਰਤੋਂ ਕਰ ਰਹੀ ਹੈ, ਜੋ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਸਾਵਾਂ ਕਰਨ ਅਤੇ ਬੇਘਰਪੁਣੇ ਨੂੰ ਕਾਮਯਾਬੀ ਨਾਲ ਖ਼ਤਮ ਕਰਨ ਵਿਚ ਮਦਦ ਕਰਦੀ ਹੈ।

ਕੋਈ ਨੌਜਵਾਨ ਹਿਰਾਸਤ ਵਿਚ ਨਹੀਂ ਕੋਈ ਨੌਜਵਾਨ ਹਿਰਾਸਤ ਵਿਚ ਨਹੀਂ, ਦਾ ਖ਼ਾਕਾ ਭਾਈਚਾਰੇ-ਅਧਾਰਿਤ ਪ੍ਰੋਗਰਾਮਾਂ ਦੀ ਸੀਮਾ ਦਾ ਪਸਾਰ ਕਰੇਗਾ, ਤਾਂ ਜੋ ਇਹ ਤਬਦੀਲੀ ਬਹੁਤੇ ਨੌਜਵਾਨਾਂ ਲਈ ਕਾਨੂੰਨੀ ਪ੍ਰਬੰਧ ਦਾ ਮੁਢਲਾ ਹੁੰਗਾਰਾ ਬਣ ਗਿਆ ਹੈ, ਇਸ ਲਈ ਉਹ ਹਿਰਾਸਤ ਵਿਚ ਰਹਿਣ ਦੀ ਥਾਂ ਕਾਨੂੰਨੀ ਪ੍ਰਬੰਧ ਦੇ ਸੰਪਰਕ ਵਿਚ ਆਏ ਹਨ।

ਕੁਦਰਤੀ ਚੌਗਿਰਦਾ ਸਾਫ਼ ਪਾਣੀ, ਸਿਹਤਮੰਦ ਰਿਹਾਇਸ਼ ਦਾ ਏਜੰਡਾ ਹੁਣ ਅਤੇ ਭਵਿੱਖ ਵਿਚ ਪਿਉਜੇ ਸਾਉਂਡ ਹਲਕੇ ਦੀ ਸਿਹਤ ਲਈ ਬਿਹਤਰ ਨਤੀਜੇ ਹਾਸਿਲ ਕਰਨ ਲਈ ਟੀਚੇ ਵਾਲੀਆਂ ਪੂੰਜੀਕਾਰੀਆਂ ਲਾਉਂਦਾ ਹੈ।

ਹਿੱਸਾ ਅਤੇ ਸਮਾਜਕ ਨਿਆ 2019-2020 ਦਾ ਬਜਟ ਪਾੱਲਿਸੀ ਖੇਤਰਾਂ ਵਿਚ ਅਹਿਮ ਪੂੰਜੀਕਾਰੀਆਂ ਕਰਦਾ ਹੈ, ਜੋ ਕਿ ਵਾਧੇ 'ਤੇ ਕੇਂਦਰਿਤ ਹਨ ਅਤੇ ਜਿੱਥੇ ਸਭ ਤੋਂ ਵੱਡੀ ਜ਼ਰੂਰਤ ਹੈ ਅਤੇ ਭਾਈਚਾਰੇ ਦੇ ਭਾਈਵਾਲਾਂ ਬਾਰੇ ਅਤੇ ਸਾਡੇ ਮੁਲਾਜ਼ਮਾਂ ਬਾਰੇ ਪਾਰਦਰਸ਼ਿਤਾ ਹੈ ਅਤੇ ਲੀਡਰਸ਼ਿਪ ਜਵਾਬਦੇਹ ਹੈ। ਇਹ ਪੂੰਜੀਕਾਰੀਆਂ ਨਸਲੀ ਤੌਰ 'ਤੇ ਸਿਰਫ਼ ਕਿੰਗ ਕਾਉਂਟੀ ਦੇ ਨਜ਼ਰੀਏ ਨੂੰ ਸਿਰੇ ਚਾੜ੍ਹਣ ਵਿਚ ਸਾਡੀਆਂ ਕਦਰਾਂ-ਕੀਮਤਾਂ ਨੂੰ ਬਹਾਲ ਰਖਦੀਆਂ ਹਨ, ਜਿੱਥੇ ਸਾਰੇ ਲੋਕਾਂ ਨੂੰ ਅੱਗੇ ਵਧਣ ਦੇ ਇਕੋ ਜਿਹੇ ਮੌਕੇ ਮਿਲਦੇ ਹਨ।

ਨੰਬਰਾਂ ਰਾਹੀਂ

ਕਿੰਗ ਕਾਉਂਟੀ ਦੇ ਰੈਂਕ ਵਾੱਸ਼ਿੰਗਟਨ ਸਟੇਟ ਵਿਚ **ਅਬਾਦੀ ਵਿਚ #1** ਅਤੇ ਪੈਸੀਫ਼ਿਕ ਨਾੱਰਥਵੈਸਟ ਦਾ ਮਾਲੀ, ਆਰਥਕ ਅਤੇ ਸਨਅੱਤੀ ਸੈਂਟਰ ਹੈ

2.2 ਮਿਲੀਅਨ ਵਸਨੀਕਾਂ ਨਾਲ, **ਕਿੰਗ ਕਾਉਂਟੀ ਦੀ ਅਬਾਦੀ ਵਿਚ 13% ਤੋਂ ਵੱਧ ਵਾਧਾ ਹੋਇਆ ਹੈ** 2010 ਤੋਂ ਲੈਕੇ, ਇਹ ਦੇਸ਼ ਵਿਚ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਵੱਡੀਆਂ ਕਾਉਂਟੀਆਂ ਵਿਚੋਂ ਇੱਕ ਬਣ ਰਹੀ ਹੈ।



ਕਿੰਗ ਕਾਉਂਟੀ ਦੀ ਲਗਭਗ:

ਸਟੇਟ ਦੀ 29% ਅਬਾਦੀ

ਪਰ ਸਟੇਟ ਦੀਆਂ 40% ਨੌਕਰੀਆਂ

50% ਤੋਂ ਵੱਧ ਆਰਥਕਤਾ ਵੰਨ-ਸੁਵੰਨੀ ਹੈ।

ਕਿੰਗ ਕਾਉਂਟੀ ਦੀ ਅਬਾਦੀ ਅਤੇ ਸਟੇਟ ਦੀ

ਹਰ ਪੰਜ ਵਸਨੀਕਾਂ ਵਿਚੋਂ ਇੱਕ ਦੀ ਪੈਦਾਇਸ਼ ਕਿਸੇ ਹੋਰ ਦੇਸ਼ ਵਿਚ ਹੋਈ ਸੀ।

170+ **ਭਾਸ਼ਾਵਾਂ** ਹਨ ਸਾਡੇ ਸਕੂਲਾਂ ਵਿਚ ਬੋਲੀਆਂ ਜਾਂਦੀਆਂ ਹਨ

ਕਿੰਗ ਕਾਉਂਟੀ ਜਨਰਲ ਫ਼ੰਡ

ਕਿੰਗ ਕਾਉਂਟੀ ਜਨਰਲ ਫ਼ੰਡ ਕਾਉਂਟੀ ਸਰਕਾਰ ਦੇ ਰਿਵਾਇਤੀ ਪ੍ਰੋਗਰਾਮਾਂ ਦੀ ਸਹਾਇਤਾ ਕਰਦਾ ਹੈ, ਜਿਹਨਾਂ ਵਿਚੋਂ ਬਹੁਤਿਆਂ ਨੂੰ ਸਟੇਟ ਦੇ ਕਾਨੂੰਨ ਅਨੁਸਾਰ ਸਿਰੇ ਚਾੜ੍ਹਣਾ ਪੈਂਦਾ ਹੈ। ਜਨਰਲ ਫ਼ੰਡ ਦਾ ਲਗਭਗ ਤਿੰਨ-ਚੌਥਾਈ ਹਿੱਸਾ ਫ਼ੌਜਦਾਰੀ ਨਿਆ ਅਤੇ ਲੋਕਾਂ ਦੀ ਸੁਰੱਖਿਆ 'ਤੇ ਖ਼ਰਚ ਕੀਤਾ ਜਾਂਦਾ ਹੈ।

ਜਨਰਲ ਫ਼ੰਡ 2019-2020 ਮਾਲੀਆ ਸ਼੍ਰੇਣੀ ਰਾਹੀਂ



ਜਨਰਲ ਫ਼ੰਡ 2019-2020 ਖ਼ਰਚੇ ਸ਼੍ਰੇਣੀ ਰਾਹੀਂ